ਆਰਬੀਆਈ / 2006-2007/ 325

ਬੈਂਪਵਿਵਿ. ਨੰ. ਐਲਈਜੀ. ਬੀਸੀ. 78/ 09.07.005/2006-07

17 ਅਪ੍ਰੈਲ 2007

27 ਚੇਤ 1929 (ਸਤਾਬਦੀ)

*ਸਾਰੇ ਅਨੁਸੂਚਿਤ ਵਪਾਰਕ ਬੈਂਕ*

*(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)*

ਸ੍ਰੀਮਾਨ ਜੀ,

ਬੈਂਕਾਂ ਦੁਆਰਾ ਸੁਰੱਖਿਆ ਜਮ੍ਹਾਂ ਲਾਕਰ /ਵਸਤੂਆਂ ਦੇ ਲਈ ਸੁਰੱਖਿਅਤ ਸੰਭਾਲ ਸੁਵਿਧਾ ਪ੍ਰਦਾਨ ਕਰਨਾ ਅਤੇ ਸੁਰੱਖਿਆ ਜਮ੍ਹਾਂ ਲਾਕਰਾਂ ਤੱਕ ਪਹੁੰਚ /ਸੰਭਾਲ ਨਾਲ ਵਸਤੂਆਂ ਮੋੜਨਾ

ਸਰਵਜਨਕ ਸੇਵਾਵਾਂ ਨਾਲ ਸਬੰਧਤ ਕਾਰਜ ਵਿਧੀ ਅਤੇ ਕਾਰਜ ਨਿਪਟਾਰਾ ਮੁਲਾਂਕਣ ਸਬੰਧੀ ਸੰਮਤੀ (ਸੀਪੀਪੀਏਪੀਐਸ) ਨੇ ਲਾਕਰਾਂ ਦੇ ਅਸਾਨ ਸੰਚਾਲਨ ਦੇ ਲਈ ਕੁਝ ਸਿਫਾਰਸ਼ਾਂ ਕੀਤੀਆਂ ਸਨ। ਅਸੀਂ ਸੁਰੱਖਿਆ ਜਮ੍ਹਾਂ ਲਾਕਰਾਂ / ਵਸਤੂਆਂ ਦੇ ਲਈ ਸੁਰੱਖਿਅਤ ਸੰਭਾਲ ਸੁਵਿਧਾ ਸਬੰਧੀ ਵਿਭਿੰਨ ਮਾਮਲਿਆਂ ਤੇ ਜੋ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਉਨ੍ਹਾਂ ਸਭ ਦੀ ਸਮੀਖਿਆ ਕੀਤੀ ਹੈ। ਅਸੀਂ ਇਸਦੇ ਪਹਿਲਾਂ ਜਾਰੀ ਸਾਰੇ ਦਿਸ਼ਾ ਨਿਰਦੇਸ਼ਾਂ ਦਾ ਅਧਿਲੰਘਣ ਕਰਦੇ ਹੋਏ ਹੇਠ ਲਿਖਤ ਦਿਸ਼ਾ ਨਿਰਦੇਸ਼ ਜਾਰੀ ਕਰ ਰਹੇ ਹਾਂ।

1. ਲਾਕਰਾਂ ਦੀ ਵੰਡ

1.1 ਮਿਆਦੀ ਜਮ੍ਹਾਂ ਰਾਸ਼ੀਆਂ ਰੱਖਣ ਤੇ ਲਾਕਰਾਂ ਦੀ ਵੰਡ ਦੀ ਸੰਬੱਧਤਾ

ਸਰਵਜਨਕ ਸੇਵਾਵਾਂ ਨਾਲ ਸਬੰਧਤ ਕਾਰਜ ਵਿਧੀ ਅਤੇ ਕਾਰਜ ਨਿਪਟਾਰਾ ਮੁਲਾਂਕਣ ਸਬੰਧੀ ਸੰਮਤੀ (ਸੀਪੀਪੀਏਪੀਐਸ) ਨੇ ਇਹ ਟਿੱਪਣੀ ਕੀਤੀ ਹੈ ਕਿ ਲਾਕਰ ਸੁਵਿਧਾ ਨੂੰ ਅਜਿਹੀ ਮਿਆਦੀ ਜਾਂ ਕੋਈ ਹੋਰ ਜਮ੍ਹਾਂ ਰਾਸ਼ੀ ਰੱਖੇ ਜਾਣ ਦੇ ਸੰਬੱਧ ਕਰਨਾ ਜੋ ਵਿਸ਼ੇਸ਼ ਰੂਪ ਨਾਲ ਮਨਜ਼ੂਰ ਰਾਸ਼ੀ ਤੋਂ ਬਿਨਾਂ ਹੈ, ਇਕ ਬਾਧਕ ਪ੍ਰਣਾਲੀ ਹੈ ਜਿਸ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ। ਅਸੀਂ ਉਕਤ ਸੰਮਤੀ ਦੀ ਟਿੱਪਣੀ ਨਾਲ ਸਹਿਮਤ ਹਾਂ ਅਤੇ ਬੈਂਕਾਂ ਨੂੰ ਸਲਾਹ ਦੇਂਦੇ ਹਾਂ ਕਿ ਉਹ ਇਸ ਤਰ੍ਹਾਂ ਦੀ ਬਾਸਕ ਪ੍ਰਣਾਲੀਆਂ ਨਾ ਅਪਨਾਉਣ।

## 1.2 ਲਾਕਰਾਂ ਦੀ ਸੁਰੱਖਿਆ ਦੇ ਰੂਪ ਵਿਚ ਮਿਆਦੀ ਜਮ੍ਹਾਂ

ਬੈਂਕਾਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿੱਥੇ ਲਾਕਰ ਕਿਰਾਏ ਤੇ ਲੈਣ ਵਾਲੇ ਨਾ ਤਾਂ ਲਾਕਰ ਸੰਚਾਲਿਤ ਕਰਦੇ ਹਨ ਅਤੇ ਨਾ ਹੀ ਕਿਰਾਇਆ ਅਦਾ ਕਰਦੇ ਹਨ। ਲਾਕਰ ਦੇ ਕਿਰਾਏ ਦਾ ਤੁਰੰਤ ਭੁਗਤਾਨ ਨਿਸ਼ਚਿਤ ਕਰਨ ਦੇ ਲਈ ਬੈਂਕ, ਲਾਕਰ ਵੰਡ ਕਰਦੇ ਸਮੇਂ ਇਕ ਮਿਆਦੀ ਜਮ੍ਹਾਂ ਰਾਸ਼ੀ ਪ੍ਰਾਪਤ ਕਰਨ ਜੋ ਲਾਕਰ ਦਾ 3 ਸਾਲ ਦਾ ਕਿਰਾਇਆ ਅਤੇ ਜ਼ਰੂਰਤ ਪੈਣ ਤੇ ਲਾਕਰ ਤੋੜ ਕੇ ਖੁਲ੍ਹਵਾਉਣ ਦੇ ਚਾਰਜਾਂ ਨੂੰ ਕਵਰ ਕਰਦੀ ਹੈ। ਪਰ ਬੈਂਕ ਮੌਜੂਦ ਲਾਕਰ-ਕਿਰਾਏਦਾਰਾਂ ਨੂੰ ਅਜਿਹੀ ਮਿਆਦੀ ਜਮ੍ਹਾਂ ਰਾਸ਼ੀ ਦੇ ਲਈ ਮੰਗ ਨਾ ਕਰਨ।

## 1.3 ਲਾਕਰਾਂ ਦੀ ਇੰਤਜ਼ਾਰ ਸੂਚੀ

ਸ਼ਾਖਾਵਾਂ ਨੂੰ ਚਾਹੀਦਾ ਹੈ ਕਿ ਉਹ ਲਾਕਰਾਂ ਦੇ ਵੰਡ ਦੇ ਮੰਤਵ ਦੇ ਲਈ ਇਕ ਇੰਤਜ਼ਾਰ ਸੂਚੀ ਤਿਆਰ ਰੱਖਣ ਅਤੇ ਲਾਕਰਾਂ ਦੀ ਵੰਡ ਵਿਚ ਪਾਰਦਰਸ਼ਤਾ ਨਿਸ਼ਚਿਤ ਕਰਨ। ਲਾਕਰ ਵੰਡ ਕੀਤੇ ਜਾਣ ਦੇ ਲਈ ਪ੍ਰਾਪਤ ਸਾਰੇ ਪ੍ਰਾਥਨਾ ਪੱਤਰਾਂ ਨੂੰ ਪ੍ਰਾਪਤੀ ਸੂਚਨਾ ਭੇਜੀ ਜਾਣੀ ਚਾਹੀਦੀ ਹੈ ਅਤੇ ਇੰਤਜ਼ਾਰ ਸੂਚੀ ਸੰਖਿਆ ਦਿੱਤੀ ਜਾਣੀ ਚਾਹੀਦੀ ਹੈ।

1.4 ਬੈਂਕਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲਾਕਰ ਵੰਡ ਕਰਦੇ ਸਮੇਂ ਲਾਕਰ ਦੇ ਕਿਰਾਏਦਾਰ ਨੂੰ ਲਾਕਰ ਦੇ ਸੰਚਾਲਨ ਤੋਂ ਸਬੰਧਤ ਇਕਰਾਰ ਦੀ ਇਕ ਕਾਪੀ ਦੇਣ।

2. ਸੁਰੱਖਿਆ ਜਮ੍ਹਾਂ ਲਾਕਰਾਂ ਤੋਂ ਸਬੰਧਤ ਸੁਰੱਖਿਆ ਪੱਖ

1. ਸੁਰੱਖਿਆ ਜਮ੍ਹਾਂ ਖਜ਼ਾਨਿਆਂ / ਲਾਕਰਾਂ ਦੇ ਸੰਚਾਲਨ

ਬੈਂਕਾਂ ਨੂੰ ਇਹ ਚਾਹੀਦਾ ਹੈ ਕਿ ਉਹ ਗਾਹਕਾਂ ਨੂੰ ਪ੍ਰਦਾਨ ਕੀਤੇ ਗਏ ਲਾਕਰਾਂ ਦੀ ਸੁਰੱਖਿਆ ਦੇ ਲਈ ਉਚਿਤ ਦੇਖਭਾਲ ਅਤੇ ਜ਼ਰੂਰੀ ਸਾਵਧਾਨੀ ਵਰਤਣ। ਬੈਂਕਾਂ ਨੂੰ ਆਪਣੀਆਂ ਸ਼ਾਖਾਵਾਂ ਵਿਚ ਸਥਿਤ ਸੁਰੱਖਿਆ ਜਮ੍ਹਾਂ ਖਜ਼ਾਨਿਆਂ / ਲਾਕਰਾਂ ਦੇ ਸੰਚਾਲਨ ਦੇ ਲਈ ਲਾਗੂ ਪ੍ਰਣਾਲੀਆਂ ਦੀ ਨਿਰੰਤਰ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਜ਼ਰੂਰੀ ਕਦਮ ਉਠਾਉਣੇ ਚਾਹੀਦੇ ਹਨ। ਸੁਰੱਖਿਆ ਪ੍ਰਕ੍ਰਿਆ ਲਿਖਤੀ ਰੂਪ ਵਿਚ ਹੋਣੀ ਚਾਹੀਦੀ ਹੈ ਅਤੇ ਸਬੰਧਤ ਸਟਾਫ ਨੂੰ ਉਕਤ ਪ੍ਰਕ੍ਰਿਆ ਸਬੰਧੀ ਉਚਿਤ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਅੰਦਰੂਨੀ ਲੇਖਾ-ਪਰੀਖਕਾਂ ਨੂੰ ਇਹ ਨਿਸ਼ਚਿਤ ਕਰਨਾ ਚਾਹੀਦਾ ਕਿ ਇਨ੍ਹਾਂ ਪ੍ਰਕ੍ਰਿਆਵਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਂਦਾ ਹੈ।

2.2 ਲਾਕਰ ਦੀ ਵੰਡ ਹਿਤ ਗਾਹਕਾਂ ਸਬੰਧੀ ਉਚਿਤ ਹੁਸ਼ਿਆਰੀ /
ਸੰਚਾਲਨ ਵਿਚ ਨਾ ਰਹੇ ਲਾਕਰਾਂ ਦੇ ਸਬੰਧ ਵਿਚ ਉਪਾਅ

ਹਾਲ ਹੀ ਦੇ ਇਕ ਪ੍ਰਸੰਗ ਵਿਚ, ਇਕ ਬੈਂਕ ਦੀ ਸ਼ਾਖਾ ਵਿਚ ਕਿਸੀ ਲਾਕਰ ਵਿਚ ਵਿਸਫੋਟਕ ਅਤੇ ਹਥਿਆਰ ਪਾਏ ਗਏ। ਇਸ ਤੋਂ ਇਸ ਗੱਲ ਦਾ ਮਹੱਤਵ ਲਕੀਰਬੱਧ ਹੁੰਦਾ ਹੈ ਕਿ ਬੈਂਕਾਂ ਨੂੰ ਸੁਰੱਖਿਆ ਜਮ੍ਹਾਂ ਲਾਕਰ ਕਿਰਾਏ ਤੇ ਦੇਣ ਵਿਚ ਨਿਸ਼ਚਿਤ ਖਤਰਿਆਂ ਤੋਂ ਵਾਕਫ ਹੋਣਾ ਚਾਹੀਦਾ ਹੈ। ਇਸ ਸਬੰਧ ਵਿਚ ਬੈਂਕਾਂ ਨੂੰ ਹੇਠ ਲਿਖਤ ਉਪਾਅ ਕਰਨੇ ਚਾਹੀਦੇ ਹਨ :

i) ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਅਤੇ ਮੌਜੂਦ ਦੋਨਾਂ ਗਾਹਕਾਂ ਦੇ ਲਈ ਘਟ-ਤੋਂ-ਘੱਟ ਦਰਮਿਆਨੇ ਖਤਰੇ ਦੇ ਰੂਪ ਵਿਚ ਵਰਗੀਕਰਨ ਗਾਹਕਾਂ ਦੇ ਲਈ ਚੰਗੀ ਤਰ੍ਹਾਂ ਦਰਸਾਏ

ਪੱਧਰਾਂ ਤੱਕ ਗਾਹਕ ਸਬੰਧੀ ਉਚਿਤ ਸਾਵਧਾਨੀ ਵਰਤਣ। ਜੇਕਰ ਗਾਹਕ ਉਚੇਰਾ ਖਤਰਾ ਸ਼੍ਰੇਣੀ ਵਿਚ ਵਰਗੀਕਰਨ ਹੈ ਤਾਂ ਅਜਿਹੀ ਸ਼੍ਰੇਣੀ ਦੇ ਲਈ ਲਾਗੂ ਕੇਵਾਈਸੀ ਮਾਨਦੰਡਾਂ ਦੇ ਅਨੁਸਾਰ, ਗਾਹਕ ਸਬੰਧੀ ਉਚਿਤ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ।

ii) ਜਿੱਥੇ ਦਰਮਿਆਨੇ ਖਤਰੇ ਸ਼੍ਰੇਣੀ ਦੇ ਲਈ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਦੇ ਲਈ ਜਾਂ ਉਚੇਰਾ ਖਤਰਾ ਸ਼੍ਰੇਣੀ ਦੇ ਲਈ ਇਕ ਸਾਲ ਤੋਂ ਜ਼ਿਆਦਾ ਸਮੇਂ ਦੇ ਲਈ ਲਾਕਰ ਦਾ ਸੰਚਾਲਨ ਨਹੀਂ ਕੀਤਾ ਜਾਂਦਾ ਹੈ, ਉਥੇ ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਲਾਕਰ ਦੇ ਕਿਰਾਏਦਾਰ ਨਾਲ ਤੁਰੰਤ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਆਖਣ ਕਿ ਉਹ ਜਾਂ ਤਾਂ ਲਾਕਰ ਸੰਚਾਲਿਤ ਕਰਨ ਜਾਂ ਲਾਕਰ ਵਾਪਸ ਕਰ ਦੇਣ। ਜੇਕਰ ਲਾਕਰ ਦਾ ਕਿਰਾਏਦਾਰ ਨਿਯਮਿਤ ਰੂਪ ਨਾਲ ਕਿਰਾਇਆ ਅਦਾ ਵੀ ਕਰਦਾ ਹੈ, ਤਾਂ ਵੀ ਇਹ ਕਦਮ ਚੁੱਕੇ ਜਾਣੇ ਚਾਹੀਦੇ ਹਨ। ਨਾਲ ਹੀ, ਬੈਂਕਾਂ ਨੂੰ ਲਾਕਰ ਦੇ ਕਿਰਾਏਦਾਰ ਤੋਂ ਲਿਖਤ ਰੂਪ ਵਿਚ ਕਾਰਨ ਦੇਣ ਦੇ ਲਈ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸੰਬੰਧਤ ਲਾਕਰ ਦਾ ਸੰਚਾਲਨ ਕਿਉਂ ਨਹੀਂ ਕੀਤਾ। ਜੇਕਰ ਲਾਕਰ ਦੇ ਕਿਰਾਏਦਾਰ ਦੇ ਕੋਲ ਕੋਈ ਵਾਜ਼ਬ ਕਾਰਣ ਹਨ ਜਿਵੇਂ ਪ੍ਰਵਾਸੀ ਭਾਰਤੀਆਂ ਦੇ ਮਾਮਲੇ ਵਿਚ ਜਾਂ ਦੂਸਰੀ ਥਾਂ ਨੌਕਰੀ ਆਦਿ ਦੇ ਕਾਰਣ ਸ਼ਹਿਰ ਤੋਂ ਬਾਹਰ ਗਏ ਵਿਅਕਤੀਆਂ ਦੇ ਮਾਮਲੇ ਵਿਚ, ਤਾਂ ਉਸ ਸਥਿਤੀ ਵਿਚ ਬੈਂਕ ਕਿਰਾਏਦਾਰ ਨੂੰ ਲਾਕਰ ਜਾਰੀ ਰੱਖਣ ਦੀ ਆਗਿਆ ਦੇ ਸਕਦੇ ਹਨ। ਜੇਕਰ ਲਾਕਰ ਦਾ ਕਿਰਾਏਦਾਰ ਕੋਈ ਜਵਾਬ ਨਹੀਂ ਦਿੰਦਾ ਅਤੇ ਲਾਕਰ ਵੀ ਸੰਚਾਲਿਤ ਨਹੀਂ ਕਰਦਾ ਤਾਂ ਬੈਂਕ ਉਸਨੂੰ ਉਚਿਤ ਨੋਟਿਸ ਦੇ ਕੇ ਲਾਕਰ ਖੋਲ੍ਹਣ ਤੇ ਵਿਚਾਰ ਕਰਨ। ਇਸ ਹਵਾਲੇ ਵਿਚ ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਲਾਕਰ ਸਬੰਧੀ ਕਰਾਰ ਵਿਚ ਇਕ ਖੰਡ ਸ਼ਾਮਲ ਕਰਨ ਕਿ ਜੇਕਰ ਇਕ ਸਾਲ ਤੋਂ ਜ਼ਿਆਦਾ ਸਮੇਂ ਦੇ ਲਈ ਲਾਕਰ ਸੰਚਤਾਲਿਤ ਨਹੀਂ ਕੀਤਾ ਗਿਆ ਤਾਂ ਲਾਕਰ ਦੀ ਵੰਡ ਨੂੰ ਰੱਦ ਕਰਨ ਅਤੇ ਲਾਕਰ ਖੋਲ੍ਹਣ ਦੇ ਅਧਿਕਾਰ ਬੈਂਕ ਦੇ ਕੋਲ ਹੋਣਗੇ, ਚਾਹੇ ਹੀ ਲਾਕਰ ਦਾ ਕਿਰਾਇਆ ਨਿਯਮਿਤ ਰੂਪ ਨਾਲ ਭਰਿਆ ਜਾ ਰਿਹਾ ਹੋਵੇ।

iii) ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਲਾਕਰਾਂ ਨੂੰ ਤੋੜ ਕੇ ਖੁਲ੍ਹਵਾਉਣ ਅਤੇ ਸੰਪਤੀ ਸੂਚੀ ਦੀ ਗਣਨਾ ਦੇ ਲਈ ਆਪਣੇ ਕਾਨੂੰਨੀ ਸਲਾਹਕਰਤਾਵਾਂ ਦੇ ਨਾਲ ਸਲਾਹ ਕਰ ਸਪੱਸ਼ਟ ਕਾਰਜ ਵਿਧੀ ਤਿਆਰ ਕਰਨ।

## 3. ਸੁਰੱਖਿਆ ਜਮ੍ਹਾਂ ਲਾਕਰਾਂ ਤੱਕ ਪਹੁੰਚ /ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ)/ ਵਿਧਾਂਕ ਵਾਰਸ (ਵਾਰਸਾਂ) ਨੂੰ ਸੁਰੱਖਿਅਤ ਸੰਭਾਲ ਵਿਚ ਰੱਖੀ ਵਸਤੂ ਵਾਪਸ ਕਰਨਾ

3.1 ਅਸੀਂ ਤੁਹਾਡਾ ਧਿਆਨ 9 ਜੂਨ 2005 ਦੇ ਸਾਡੇ ਸਰਕੂਲਰ ਬੈਂਪਵਿਵਿ. ਨੰ. ਐਲਈਜੀ. ਬੀਸੀ. 95/2004-05 ਦੇ ਵੱਲ ਧਿਆਨ ਧਿਆਨ ਕਰਦੇ ਹਾਂ, ਜਿਸ ਵਿਚ ਅਸੀਂ ਬੈਂਕਾਂ ਨੂੰ ਜਮ੍ਹਾਂ ਖਾਤਿਆਂ ਦੀ ਪੇਸ਼ਗੀ ਰਾਸ਼ੀਆਂ ਦੀ ਸਪੁਰਦਗੀ ਦੇ ਸਬੰਧ ਵਿਚ ਨਿਰਦੇਸ਼ ਦਿੱਤਾ ਸੀ। ਲਾਕਰਾਂ ਦੀ ਵਸਤੂ/ ਸੁਰੱਖਿਅਤ ਸੰਭਾਲ ਵਿਚ ਰੱਖੀ ਵਸਤੂ ਉਤਰਜੀਵੀ / ਨਾਮਜ਼ਦ /ਵਿਧਾਂਕ ਵਾਰਸਾਂ ਨੂੰ ਵਾਪਸ ਕਰਨ ਦੇ ਲਈ ਉਸ ਪ੍ਰਕਾਰ ਦੀ ਕਾਰਜ ਵਿਧੀ ਅਪਣਾਈ ਜਾਣੀ ਚਾਹੀਦੀ ਹੈ।

## 3.2 ਸੁਰੱਖਿਆ ਜਮ੍ਹਾਂ ਲਾਕਰ ਤੱਕ ਪਹੁੰਚ / ਸੁਰੱਖਿਅਤ ਸੰਭਾਲ ਵਸਤੂਆਂ ਨੂੰ ਵਾਪਸ ਕਰਨਾ (ਉਤਰਜੀਵੀ / ਨਾਮਜ਼ਦ ਉਪਧਾਰਾ ਸਹਿਤ)

ਜੇਕਰ ਇਕੱਲਾ ਲਾਕਰ ਕਿਰਾਏਦਾਰ ਕਿਸੀ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ, ਤਾਂ ਬੈਂਕਾਂ ਨੂੰ ਇਕੱਲੇ ਕਿਰਾਏਦਾਰ ਦੀ ਮੌਤ ਹੋਣ ਦੀ ਸਥਿਤੀ ਵਿਚ ਅਜਿਹੇ ਨਾਮਜ਼ਦ ਨੂੰ ਲਾਕਰ ਤੱਕ ਪਹੁੰਚ ਅਤੇ ਲਾਕਰ ਦੀਆਂ ਵਸਤੂਆਂ ਨੂੰ ਕੱਢਣ ਦੀ ਸੁਤੰਤਰਤਾ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਸੰਯੁਕਤ ਹਸਤਾਖਰਾਂ ਦੇ ਅੰਤਰਗਤ ਲਾਕਰ ਦੇ ਸੰਚਾਲਨ ਦੇ ਅਨੁਦੇਸ਼ਾਂ ਦੇ ਨਾਲ ਲਾਕਰ ਨੂੰ ਸੰਯੁਕਤ ਰੂਪ ਨਾਲ ਕਿਰਾਏ ਤੇ ਲਿਆ ਗਿਆ ਸੀ ਅਤੇ ਲਾਕਰ ਨੇ ਕਿਰਾਏਦਾਰ (ਕਿਰਾਏਦਾਰਾਂ) ਨੇ ਕਿਸੀ ਵਿਅਕਤੀ (ਵਿਅਕਤੀਆਂ) ਨੂੰ ਨਾਮਜ਼ਦ ਕੀਤਾ ਹੈ ਤਾਂ ਲਾਕਰ ਦੇ

ਕਿਸੀ ਇਕ ਕਿਰਾਏਦਾਰ ਦੀ ਮੌਤ ਹੋਣ ਦੀ ਸਥਿਤੀ ਵਿਚ ਬੈਂਕ ਨੂੰ ਉਤਰਜੀਵੀ (ਉਤਰਜੀਵੀਆਂ) ਅਤੇ ਨਾਮਜ਼ਦ (ਨਾਮਜ਼ਦਾਂ) ਨੂੰ ਸੰਯੁਕਤ ਰੂਪ ਨਾਲ ਲਾਕਰ ਤੱਕ ਪਹੁੰਚ ਅਤੇ ਲਾਕਰ ਦੀਆਂ ਵਸਤੂਆਂ ਨੂੰ ਕੱਢਣ ਦੀ ਸੁਤੰਤਰਤਾ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਲਾਕਰ ਨੂੰ ਉਤਰਜੀਵਤਾ ਉਪਧਾਰਾ ਦੇ ਨਾਲ ਸੰਯੁਕਤ ਰੂਪ ਨਾਲ ਕਿਰਾਏ ਤੇ ਲਿਆ ਗਿਆ ਸੀ ਅਤੇ ਕਿਰਾਏਦਾਰਾਂ ਨੇ ਅਨੁਦੇਸ਼ ਦਿੱਤਾ ਸੀ ਕਿ ''ਦੋ ਵਿਚੋਂ ਕਿਸੀ ਇਕ ਜਾਂ ਉਤਰਜੀਵੀ'', ਕੋਈ ਇਕ ਜਾਂ ਉਤਰਜੀਵੀ'' ਜਾਂ ''ਪਹਿਲਾ ਜਾਂ ਉਤਰਜੀਵੀ'' ਜਾਂ ਕਿਸੀ ਹੋਰ ਉਤਰਜੀਵਤਾ ਉਪਧਾਰਾ ਦੇ ਅਨੁਸਾਰ ਲਾਕਰ ਤੱਕ ਪਹੁੰਚ ਦਿੱਤੀ ਜਾਵੇ ਤਾਂ ਲਾਕਰ ਦੇ ਇਕ ਜਾਂ ਜ਼ਿਆਦਾ ਕਿਰਾਏਦਾਰਾਂ ਦੀ ਮੌਤ ਹੋਣ ਦੀ ਸਥਿਤੀ ਵਿਚ, ਬੈਂਕ ਨੂੰ ਸਬੰਧਤ ਨਿਰਦੇਸ਼ ਦਾ ਪਾਲਣ ਕਰਨਾ ਚਾਹੀਦਾ ਹੈ। ਪਰ ਲਾਕਰ ਦੀਆਂ ਵਸਤੂਆਂ ਨੂੰ ਮੋੜਨ ਤੋਂ ਪਹਿਲਾਂ ਬੈਂਕਾਂ ਨੂੰ ਹੇਠ ਲਿਖਤ ਸਾਵਧਾਨੀ ਵਰਤਣੀ ਚਾਹੀਦੀ ਹੈ :

(ਕ) ਬੈਂਕ ਦੇ ਉਤਰਜੀਵੀ (ਉਤਰਜੀਵੀਆਂ) ਨਾਮਜ਼ਦ (ਨਾਮਜ਼ਦਾਂ) ਦੀ ਪਛਾਣ ਸਥਾਪਤ ਕਰਨ ਵਿਚ ਅਤੇ ਲਾਕਰ ਦੇ ਕਿਰਾਏਦਾਰ ਦੀ ਮੌਤ ਦੀ ਉਚਿਤ ਦਸਤਾਵੇਜੀ ਸਬੂਤ ਪ੍ਰਾਪਤ ਕਰਕੇ ਤਸਦੀਕਸ਼ੁਦਾ ਕਰਨ ਦੇ ਲਈ ਉਚਿਤ ਸਾਵਧਾਨੀ ਅਤੇ ਸਤਰਕਤਾ ਵਰਤਣੀ ਚਾਹੀਦੀ ਹੈ।

(ਖ) ਬੈਂਕ ਨੂੰ ਇਹ ਜਾਨਣ ਦੇ ਲਈ ਗੰਭੀਰ ਅਭਿਆਸ ਕਰਨਾ ਚਾਹੀਦਾ ਹੈ ਕਿ ਮ੍ਰਿਤਕ ਵਿਅਕਤੀ ਦੇ ਲਾਕਰ ਤੱਕ ਪਹੁੰਚ ਦੇਣ ਤੋਂ ਬੈਂਕ ਨੂੰ ਰੋਕਣ ਵਾਲਾ ਕਿਸੇ ਸਮਰੱਥ ਅਦਾਲਤ ਦਾ ਆਦੇਸ਼ ਹੈ। ਅਤੇ ;

(ਗ) ਬੈਂਕਾਂ ਨੂੰ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੇਵਲ ਲਾਕਰ ਦੇ ਮ੍ਰਿਤਕ ਕਿਰਾਏਦਾਰ ਦੇ ਵਿਧੀ ਵਾਰਸਾਂ ਦੇ ਅਮਾਨਤ ਦੇ ਰੂਪ ਵਿਚ ਲਾਕਰ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਤੱਕ ਪਹੁੰਚ ਦਿੱਤੀ ਗਈ ਹੈ, ਅਰਥਾਤ ਉਨ੍ਹਾਂ ਨੂੰ ਇਸ ਤਰ੍ਹਾਂ ਪ੍ਰਦਾਨ ਕੀਤੀ ਗਈ ਪਹੁੰਚ ਤੋਂ

ਉਕਤ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਦੇ ਵਿਰੁੱਧ ਕਿਸੇ ਵਿਅਕਤੀ ਦੇ ਅਧਿਕਾਰ ਜਾਂ ਦਾਵੇ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਬੈਂਕ ਦੀ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੀ ਵਾਪਸੀ ਦੇ ਲਈ ਵੀ ਇਸੇ ਤਰ੍ਹਾਂ ਦੀ ਕਾਰਜਵਿਧੀ ਦਾ ਪਾਲਣ ਕਰਨਾ ਚਾਹੀਦਾ ਹੈ। ਬੈਂਕ ਨੋਟ ਕਰਨ ਕਿ ਇਕ ਤੋਂ ਜ਼ਿਆਦਾ ਵਿਅਕਤੀਆਂ ਦੁਆਰਾ ਸੁਰੱਖਿਅਤ ਸੰਭਾਲ ਵਿਚ ਜਮ੍ਹਾਂ ਕੀਤੀਆਂ ਗਈਆਂ ਵਸਤੂਆਂ ਦੇ ਮਾਮਲੇ ਵਿਚ ਨਾਮਾਂਕਨ ਸੁਵਿਧਾ ਉਪਲੱਬਧ ਨਹੀਂ ਹੈ।

3.3 ਬੈਂਕਾਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕਿਉਂਕਿ ਉਪਰੋਕਤ ਸ਼ਰਤਾਂ ਦੇ ਅਧੀਨ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਨੂੰ ਦਿੱਤੀ ਗਈ ਪਹੁੰਚ ਦਾ ਅਰਥ ਹੋਵੇਗਾ ਬੈਂਕ ਦੀ ਦੇਣਯੋਗ ਦਾ ਪੂਰਨ ਭੁਗਤਾਨ, ਇਸ ਲਈ ਕਾਨੂੰਨੀ ਪ੍ਰਾਥਨਾਪੱਤਰ ਪੇਸ਼ ਕਰਨ ਦੀ ਬੇਨਤੀ ਕਰਨਾ ਗੈਰ ਜ਼ਰੂਰੀ ਅਤੇ ਅਣਲੋੜੀਂਦੀ ਹੈ ਅਤੇ ਉਸ ਨਾਲ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਨੂੰ ਪਰੇਸ਼ਾਨੀ ਹੁੰਦੀ ਹੈ ਜਿਸ ਨੂੰ ਟਾਲਿਆ ਜਾ ਸਕਦਾ ਹੈ ਅਤੇ ਇਸ ਲਈ ਉਸ ਨੂੰ ਦੇਖ-ਭਾਲ ਦ੍ਰਿਸ਼ਟੀ ਨਾਲ ਬੁਰਾ ਸਮਝਿਆ ਜਾਵੇਗਾ। ਇਸ ਲਈ, ਅਜਿਹੇ ਮਾਮਲੇ ਵਿਚ ਲਾਕਰ ਦੇ ਮ੍ਰਿਤਕ ਕਿਰਾਏਦਾਰ/ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਵਸਤੂਆਂ ਦੇ ਜਮ੍ਹਾਂ ਕਰਤਾ ਦੇ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਨੂੰ ਪਹੁੰਚ ਦੇਣ ਸਮੇਂ ਬੈਂਕਾਂ ਨੂੰ ਉਤਰਾਧਿਕਾਰੀ ਪ੍ਰਮਾਣ ਪੱਤਰ, ਪ੍ਰਸ਼ਾਸਨ ਪੱਤਰ ਜਾਂ ਪ੍ਰੋਬੇਟ ਆਦਿ ਪੇਸ਼ ਕਰਨ ਦੀ ਬੇਨਤੀ ਕਰਨ ਜਾਂ ਉਤਰਜੀਵੀ (ਉਤਰਜੀਵੀਆਂ) / ਨਾਮਜ਼ਦ (ਨਾਮਜ਼ਦਗਾਂ) ਨੂੰ ਕੋਈ ਹਾਨੀਪੂਰਕ ਬਾਂਡ ਜਾਂ ਜਮਾਨਤ ਪ੍ਰਾਪਤ ਕਰਨ ਤੋਂ ਬਚਣਾ ਚਾਹੀਦਾ ਹੈ।

3.4 ਸੁਰੱਖਿਅਤ ਜਮ੍ਹਾਂ ਲਾਕਰ ਤੱਕ ਪਹੁੰਚ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਵਸਤੂਆਂ ਨੂੰ ਵਾਪਸ ਕਰਨਾ (ਉਤਰਜੀਵੀਆਂ) / ਨਾਮਜ਼ਦ ਉਪਧਾਰਾ ਦੇ ਬਿਨਾਂ)

ਇਹ ਬਹੁਤ ਜ਼ਰੂਰੀ ਹੈ ਕਿ ਲਾਕਰ ਦੇ ਕਿਰਾਏਦਾਰ (ਕਿਰਾਏਦਾਰਾਂ) ਦੇ ਕਾਨੂੰਨੀ ਵਾਰਸ (ਵਾਰਸਾਂ) ਨੂੰ ਪਰੇਸ਼ਾਨੀ ਅਤੇ ਗੈਰ ਜ਼ਰੂਰੀ ਮੁਸ਼ਕਲ ਨਾ ਹੋਵੇ। ਉਸ ਮਾਮਲੇ ਵਿਚ ਜਿੱਥੇ ਲਾਕਰ ਦੇ ਮ੍ਰਿਤਕ ਕਿਰਾਏਦਾਰ ਨੇ ਨਾਮਾਂਕਿਤ ਨਹੀਂ ਕੀਤੀ ਹੈ ਜਾਂ ਜਿੱਥੇ ਸੰਯੁਕਤ ਕਿਰਾਏਦਾਰਾਂ ਨੇ ਕੋਈ ਅਜਿਹੇ ਨਿਰਦੇਸ਼ ਨਹੀਂ ਦਿੱਤੇ ਹਨ ਜਿਸ ਨਾਲ ਇਕ ਸਪਸ਼ਟ ਉਤਰਜੀਵੀਤਾ ਉਪਧਾਰਾ ਦੁਆਰਾ ਇਕ ਜਾਂ ਜ਼ਿਆਦਾ ਉਤਰਜੀਵੀਆਂ ਨੂੰ ਪਹੁੰਚ ਦਿੱਤੀ ਜਾ ਸਕੇ, ਉਥੇ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਲਾਕਰ ਦੇ ਮ੍ਰਿਤਕ ਕਿਰਾਏਦਾਰ ਦੇ ਕਾਨੂੰਨੀ ਵਾਰਸ (ਵਾਰਸਾਂ) / ਕਾਨੂੰਨੀ ਪ੍ਰਤੀਨਿਧੀਆਂ ਨੂੰ ਪਹੁੰਚ ਪ੍ਰਦਾਨ ਕਰਨ ਦੇ ਲਈ ਆਪਣੇ ਵਿਧੀ ਸਲਾਹਕਾਰਾਂ ਦੇ ਨਾਲ ਵਿਚਾਰ-ਵਟਾਂਦਰਾ ਕਰਕੇ ਤਿਆਰ ਕੀਤੀ ਗਈ ਇਕ ਗਾਹਕ ਸਹਾਇਕ ਕਾਰਜ ਵਿਧੀ ਅਪਣਾਉਣ। ਬੈਂਕ ਦੀ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਮਾਮਲੇ ਵਿਚ ਵੀ ਸਮਾਨ ਕਾਰਜ ਵਿਧੀ ਦਾ ਪਾਲਣ ਕੀਤਾ ਜਾਵੇ।

3.5 ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਮਾਮਲੇ ਵਿਚ ਬੈਂਕਕਾਰੀ ਵਿਨਿਯਮ ਅਧਿਨਿਯਮ, 1949 ਦੀ ਧਾਰਾ 45 ਜੈਡਸੀ ਤੋਂ 45 ਜੈਡਐਫ ਅਤੇ ਬੈਂਕਕਾਰੀ ਕੰਪਨੀ (ਨਾਮਾਂਅੰਕਿਤ) ਨਿਯਮਾਂਵਲੀ 1985 ਦੇ ਉਪਬੰਧਾਂ ਅਤੇ ਭਾਰਤੀ ਇਕਰਾਰ ਅਧਿਨਿਯਮ ਅਤੇ ਭਾਰਤੀ ਉਤਰਾਧਿਕਾਰ ਅਧਿਨਿਯਮ ਦੇ ਸਬੰਧਤ ਉਪਬੰਧਾਂ ਨਾਲ ਵੀ ਅਗਵਾਹੀ ਪ੍ਰਾਪਤ ਕਰਨ।

3.6 ਬੈਂਕਾਂ ਨੂੰ 29 ਮਾਰਚ 1985 ਦੀ ਅਧਿਸੂਚਨਾ ਬੈਂਪਵਿਵਿ. ਨੰ. ਐਲਈਜੀ. ਬੀਸੀ. 38 /ਸੀ. 233 ਏ- 85 ਵਿਚ ਸਲਾਹ ਦਿੱਤੇ ਗਏ ਅਨੁਸਾਰ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਹੋਈਆਂ ਵਸਤੂਆਂ ਨੂੰ ਵਾਪਸ ਕਰਨ ਤੋਂ ਪਹਿਲਾਂ / ਸੁਰੱਖਿਅਤ ਜਮ੍ਹਾਂ ਲਾਕਰ ਦੀਆਂ ਵਸਤੂਆਂ ਨੂੰ ਕਢਾਉਣ ਦੀ ਆਗਿਆ ਦੇਣ ਤੋਂ ਪਹਿਲਾਂ ਇਕ ਵਸਤੂ ਸੂਚੀ ਤਿਆਰ ਕਰਨੀ ਚਾਹੀਦੀ ਹੈ। ਇਹ ਸੂਚੀ ਉਕਤ ਅਧਿਸੂਚਨਾ ਤੋਂ ਨੱਥੀ ਜ਼ਰੂਰੀ ਫਾਰਮ ਵਿਚ ਜਾਂ ਪਰਿਸਥਿਤੀ ਦੇ ਅਨੁਸਾਰ ਜਾਂ ਜਿੱਥੋਂ ਤੱਕ ਹੋ ਸਕੇ ਮਿਲਦੇ-ਜੁਲਦੇ ਫਾਰਮ ਦੇ ਅਨੁਸਾਰ

ਹੋਵੇਗੀ। ਉਪਰੋਕਤ ਅਧਿਸੂਚਨਾ ਦੀ ਇਕ ਕਾਪੀ ਇਸ ਸਰਕੂਲਰ ਦੇ ਅਨੁਲੱਗ I ਦੇ ਰੂਪ ਵਿਚ ਦਰਸਾਈ ਗਈ ਹੈ।

3.7 ਇਸ ਤੋਂ ਇਲਾਵਾ, ਜੇਕਰ ਨਾਮਜ਼ਦ/ ਉਤਰਜੀਵੀ / ਕਾਨੂੰਨੀ ਵਾਰਸ ਲਾਕਰ ਦਾ ਉਪਯੋਗ ਜਾਰੀ ਰੱਖਣਾ ਚਾਹੁੰਦਾ /ਚਾਹੁੰਦੇ ਹਨ ਤਾਂ ਬੈਂਕ ਨਾਮਜ਼ਦ (ਨਾਮਜ਼ਦਗੀਆਂ) /ਉਤਰਜੀਵੀ (ਉਤਰਜੀਵੀਆਂ) / ਕਾਨੂੰਨੀ ਵਾਰਸ (ਵਾਰਸਾਂ) ਦੇ ਨਾਲ ਇਕ ਨਵਾਂ ਸਮਝੌਤਾ ਕਰ ਸਕਦੇ ਹਨ ਅਤੇ ਨਾਮਜ਼ਦ (ਨਾਮਜ਼ਦਗੀਆਂ) /ਕਾਨੂੰਨੀ ਵਾਰਸ (ਵਾਰਸਾਂ) ਦੇ ਸਬੰਧ ਵਿਚ ਆਪਣੇ ਗਾਹਕ ਨੂੰ ਜਾਣੋ ਮਾਨਦੰਡਾਂ ਦਾ ਵੀ ਅਨੁਪਾਲਣ ਕਰੋ। ਬੈਂਕਾਂ ਨੂੰ ਲਾਕਰ ਦੇ ਕਿਰਾਏਦਾਰ ਸੁਰੱਖਿਅਤ ਸੰਭਾਲ ਵਿਚ ਰੱਖੀ ਗਈ ਵਸਤੂ ਦੇ ਜਮ੍ਹਾਂ ਕਰਤਾ ਦੇ ਨਾਮਜ਼ਦ ਨਾਮਜ਼ਦਗੀਆਂ) ਅਤੇ ਉਤਰਜੀਵੀਆਂ ਨੂੰ ਵਾਪਸ ਕਰਦੇ ਸਮੇਂ ਉਨ੍ਹਾਂ ਦੇ ਕੋਲ ਸੁਰੱਖਿਅਤ ਸੰਭਾਲ ਵਿਚ ਰੱਖੇ ਗਏ ਅਤੇ ਲਾਕਰ ਵਿਚ ਮਿਲੇ ਹੋਏ ਸੀਲ ਬੰਦ / ਬੰਦ ਪੈਕਟਾਂ ਨੂੰ ਖੋਲ੍ਹਣ ਦੀ ਜ਼ਰੂਰਤ ਨਹੀਂ ਹੈ।

8. ਸਰਲੀਕ੍ਰਿਤ ਸੰਚਾਲਨ ਪ੍ਰਣਾਲੀਆਂ / ਕਾਰਜ ਵਿਧੀਆਂ

ਵਿਭਿੰਨ ਪ੍ਰਸਥਿਤੀਆਂ ਦੇ ਅੰਤਰਗਤ ਮ੍ਰਿਤਕ ਜਮ੍ਹਾਂ ਕਰਤਾਵਾਂ ਦੇ ਦਾਵਿਆਂ ਦੇ ਨਿਪਟਾਰੇ ਦੇ ਲਈ ਭਾਰਤੀ ਬੈਂਕ ਸੰਘ (ਆਈਬੀਏ) ਨੇ ਪਹਿਲਾਂ ਹੀ ਇਕ ਆਦਰਸ਼ ਸੰਚਾਲਨ ਕਾਰਜ ਵਿਧੀ (ਐਮਓਪੀ) ਤਿਆਰ ਕੀਤੀ ਹੈ। ਅਸੀਂ ਆਈਬੀਏ ਨੂੰ ਸਲਾਹ ਦਿੱਤੀ ਹੈ ਕਿ ਉਹ ਵਿਭਿੰਨ ਪ੍ਰਸਥਿਤੀਆਂ ਵਿਚ ਲਾਕਰ ਤਕ ਪਹੁੰਚ ਪ੍ਰਦਾਨ ਕਰਨ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੀ ਵਾਪਸੀ ਦੇ ਲਈ ਇਕ ਸਮਾਨ ਆਦਰਸ਼ ਸੰਚਾਲਨ ਕਾਰਜ ਵਿਧੀ ਤਿਆਰ ਕਰੇ। ਅਸੀਂ ਬੈਂਕਾਂ ਨੂੰ ਵੀ ਸਲਾਹ ਦਿੰਦੇ ਹਾਂ ਕਿ ਉਹ ਉਕਤ ਮੰਤਵ ਦੇ ਲਈ ਇਕ ਸਰਲ ਨੀਤੀ / ਕਾਰਜ ਵਿਧੀਆਂ ਤਿਆਰ ਕਰਨ ਦੀ ਦ੍ਰਿਸ਼ਟੀ ਤੋਂ ਆਪਣੇ ਮ੍ਰਿਤਕ ਗਾਹਕਾਂ (ਲਾਕਰ ਦੇ ਕਿਰਾਏਦਾਰ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਜਮ੍ਹਾਂ ਕਰਤਾ) ਦੇ ਦਾਵਿਆਂ ਦੇ ਨਿਪਟਾਰਿਆਂ ਨਾਲ ਸਬੰਧਤ ਆਪਣੀਆਂ ਵਰਤਮਾਨ ਪ੍ਰਣਾਲੀਆਂ ਅਤੇ ਕਾਰਜਵਿਧੀਆਂ ਦੀ ਵਿਆਪਕ ਸਮੀਖਿਆ ਕਰਨ। ਇਹ

ਸਮੀਖਿਆ ਉਨ੍ਹਾਂ ਦੇ ਬੋਰਡ ਦੇ ਸਮਰਥਨ ਨਾਲ ਕੀਤੀ ਜਾਵੇ ਅਤੇ ਉਸ ਨੂੰ ਕਰਦੇ ਸਮੇਂ ਮੰਤਵ ਕਾਨੂੰਨੀ ਪ੍ਰਬੰਧ, ਪੂਰਵਗਾਮੀ ਅਨੁਦੇਸ਼ ਅਤੇ ਆਈਬੀਅਏ ਦੁਆਰਾ ਤਿਆਰ ਕੀਤੀ ਗਈ ਐਮਓਪੀ ਨੂੰ ਧਿਆਨ ਵਿਚ ਲਿਆ ਜਾਵੇ।

4. ਗਾਹਕ ਮਾਰਗ ਦਰਸ਼ਨ ਅਤੇ ਪ੍ਰਚਾਰ-ਪ੍ਰਸਾਰ

4.1 ਨਾਮਜ਼ਦਗੀ /ਉਤਰਜੀਵੀਤਾ ਉਪਧਾਰਾ ਦੇ ਲਾਭ

ਬੈਂਕਾਂ ਨੂੰ ਨਾਮਜ਼ਦਗੀ ਸੁਵਿਧਾ ਅਤੇ ਉਤਰਜੀਵੀਤਾ ਉਪਧਾਰਾ ਦੇ ਲਾਭਾਂ ਦਾ ਵਿਆਪਕ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਲਾਕਰ ਦੇ ਕਿਰਾਏਦਾਰਾਂ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਜਮ੍ਹਾਂ ਕਰਤਾਵਾਂ ਨੂੰ ਉਨ੍ਹਾਂ ਦੇ ਸਬੰਧ ਵਿਚ ਮਾਰਗ ਦਰਸ਼ਨ ਦੇਣਾ ਚਾਹੀਦਾ ਹੈ। ਉਦਾਹਰਣ ਦੇ ਲਈ, ਪ੍ਰਚਾਰ ਸਮੱਗਰੀ ਵਿਚ ਇਸ ਗੱਲ ਨੂੰ ਵਿਸ਼ੇਸ਼ ਰੂਪ ਨਾਲ ਸਪੱਸ਼ਟ ਕੀਤਾ ਜਾਵੇ ਕਿ ਲਾਕਰ ਦੇ ਸੰਯੁਕਤ ਕਿਰਾਏਦਾਰਾਂ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਜਮ੍ਹਾਂ ਕਰਤਾਵਾਂ ਵਿਚੋਂ ਇਕ ਦੀ ਮੌਤ ਹੋਣ ਤੇ, ਲਾਕਰ ਵਿਚ ਰੱਖੀਆਂ ਵਸਤੂਆਂ ਜਾਂ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਤੇ ਅਧਿਕਾਰ, ਜਦੋਂ ਤੱਕ ਕਿ ਉਤਰਜੀਵਤਾ ਉਪਧਾਰਾ ਨਾ ਹੋਵੇ, ਉਦੋਂ ਤੱਕ ਆਪਣੇ ਆਪ ਉਤਰਜੀਵੀ ਲਾਕਰ ਦੇ ਸੰਯੁਕਤ ਕਿਰਾਏਦਾਰ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਜਮ੍ਹਾਂ ਕਰਤਾ ਨੂੰ ਅੰਤਰਿਤ ਨਹੀਂ ਹੁੰਦਾ ਹੈ।

4.2 ਬੈਂਕਾਂ ਨੂੰ ਲਾਕਰ ਦੇ ਮ੍ਰਿਤਕ ਕਿਰਾਏਦਾਰ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੇ ਜਮ੍ਹਾਂ ਕਰਤਾ ਦੇ ਨਾਮਜ਼ਦ (ਨਾਮਜ਼ਦਗਾਂ) ਉਤਰਜੀਵੀ (ਉਤਰਜੀਵੀਆਂ) / ਕਾਨੂੰਨੀ ਵਾਰਸ (ਵਾਰਸਾਂ) ਨੂੰ ਲਾਕਰ ਤੱਕ ਪਹੁੰਚ / ਸੁਰੱਖਿਅਤ ਸੰਭਾਲ ਵਿਚ ਰੱਖੀਆਂ ਵਸਤੂਆਂ ਪ੍ਰਦਾਨ ਕਰਨ ਦੇ ਲਈ ਸਥਾਪਿਤ ਨੀਤੀਆਂ / ਕਾਰਜ ਵਿਧੀਆਂ ਦੇ ਨਾਲ ਇਨ੍ਹਾਂ ਅਨੁਦੇਸ਼ਾਂ ਨੂੰ ਵੀ ਵੈਬਸਾਈਟ ਤੇ ਰੱਖਣਾ ਚਾਹੀਦਾ ਹੈ ਨਾਲ ਹੀ,

ਨਾਮਜ਼ਦ (ਨਾਮਜ਼ਦਗਾਂ) ਉਤਰਜੀਵੀ (ਉਤਰਜੀਵੀਆਂ) / ਕਾਨੂੰਨੀ ਵਾਰਸ (ਵਾਰਸਾਂ) ਨੂੰ ਦਾਵਾ ਪ੍ਰਾਪਤ ਹੋਣ ਤੇ ਉਕਤ ਦੀ ਇਕ ਮੋਹਰਬੰਦ ਕਾਪੀ ਵੀ ਦਿੱਤੀ ਜਾਵੇ।

5. ਅਸੀਂ ਬੈਂਕਾਂ ਨੂੰ ਇਹ ਵੀ ਸਲਾਹ ਦਿੰਦੇ ਹਾਂ ਕਿ ਅਧਿਕਾਰੀਆਂ ਨੂੰ ਲਾਕਰ ਦੀਆਂ ਚਾਬੀਆਂ ਦੀ ਮਲਕੀਅਤ ਨੂੰ ਪਹਿਚਾਨਣ ਵਿਚ ਸੁਵਿਧਾ ਹੋਵੇ ਇਸ ਦ੍ਰਿਸ਼ਟੀ ਤੋਂ ਉਹ ਇਸ ਗੱਲ ਨੂੰ ਨਿਸ਼ਚਿਤ ਕਰਨ ਕਿ ਸਾਰੇ ਲਾਕਰ ਦੀਆਂ ਚਾਬੀਆਂ ਤੇ ਬੈਂਕ / ਸ਼ਾਖਾ ਦੀ ਪਛਾਣ ਕੋਡ ਨੰਬਰ ਇੰਬਾਸ ਕੀਤੀ ਜਾਂਦੀ ਹੈ।

ਹਿਤੂ

(*ਪ੍ਰਸ਼ਾਂਤ ਸਰਨ*)

ਇੰਚਾਰਜ ਮੁੱਖ ਮਹਾਂਪ੍ਰਬੰਧਕ

ਅਨੁਲੱਗ -I

ਡੀਬੀਓਡੀ. ਨੰ. ਐਲਈਜੀ. ਬੀਸੀ. 38/ਸੀ. 233 ਏ - 85

29 ਮਾਰਚ 1985

ਅਧਿਸੂਚਨਾ

ਬੈਂਕਕਾਰੀ ਵਿਨਿਯਮ ਅਧਿਨਿਯਮ, 1949 ਦੀ ਧਾਰਾ 45 ਜੈਡ ਸੀ ਦੀ ਉਪਧਾਰਾ (3) ਅਤੇ ਧਾਰਾ 45 ਜੈਡ ਈ ਦੀ ਉਪਧਾਰਾ (4) ਦੁਆਰਾ ਭਾਰਤੀ ਰਿਜ਼ਰਵ ਬੈਂਕ ਨੂੰ ਦਿੱਤੇ ਹੋਏ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ ਭਾਰਤੀ ਰਿਜ਼ਰਵ ਬੈਂਕ, ਇਹ ਨਿਰਦੇਸ਼ ਦਿੰਦਾ ਹੈ ਕਿ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਨੂੰ ਵਾਪਸ ਕਰਨ ਤੋਂ ਪਹਿਲਾਂ ਤਿਆਰ ਕੀਤੀ ਜਾਣ ਵਾਲੀ ਸੂਚੀ ਅਤੇ ਸੁਰੱਖਿਆ-ਲਾਕਰ ਦੀਆਂ ਵਸਤੂਆਂ ਨੂੰ ਕੱਢਣ ਦੀ ਆਗਿਆ ਦੇਣ ਤੋਂ ਪਹਿਲਾਂ ਤਿਆਰ ਕੀਤੀ ਜਾਣ ਵਾਲੀ ਸੂਚੀ, ਲੜੀ ਵਾਰ : ਨੱਥੀ ਕੀਤੇ ਗਏ ਅਨੁਸਾਰ ਨਿਰਧਾਰਤ ਉਚਿਤ ਫਾਰਮਾਂ ਜਾਂ ਪਰਸਥਿਤੀਆਂ ਦੇ ਅਨੁਸਾਰ ਲੋੜੀਂਦੇ ਉਨ੍ਹਾਂ ਨਾਲ ਮਿਲਦੇ ਜੁਲਦੇ ਫਾਰਮਾਂ ਵਿਚ ਹੋਣੀ ਚਾਹੀਦੀ ਹੈ।

ਏ. ਘੋਸ਼

ਉਪ ਗਵਰਨਰ

ਬੈਂਕਿੰਗ ਕੰਪਨੀ ਦੇ ਕੋਲ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਵਸਤੂਆਂ ਦੀ ਸੂਚੀ ਦਾ ਫਾਰਮ (ਬੈਂਕਿੰਗ ਵਿਨਿਯਮ ਅਧਿਨਿਯਮ, 1949 ਦੀ ਧਾਰਾ 45 ਜੈਡ ਸੀ (3)

ਮਿਤੀ .................... ਦੇ ਕਰਾਰ / ਦੀ ਰਸੀਦ ਦੇ ਅਨੁਸਾਰ ਸ੍ਰੀ / ਸ੍ਰੀਮਤੀ

..................................................

........................ ਦੁਆਰਾ ................ (ਬੈਂਕ) ਦੀ

.....................................................

ਸ਼ਾਖਾ ਦੇ ਕੋਲ ਸੁਰੱਖਿਅਤ ਸੰਭਾਲ ਵਿਚ ਰੱਖੀਆਂ ਗਈਆਂ ਹੇਠ ਲਿਖਤ ਦੀ ਸੂਚੀ ਦੇ ਅਨੁਸਾਰ ਵਸਤੂ ਸਾਲ ...............ਦੇ ............... ਦੇ ਦਿਨ ਕੱਢਵਾਈ ਗਈ ਸੀ।

| ਲੜੀ ਨੰ | ਸੁਰੱਖਿਆ ਲਾਕਰ ਵਿਚ ਵਸਤੂ ਦਾ ਵੇਰਵਾ | ਜੇਕਰ ਪਛਾਣ ਦਾ ਕੋਈ ਹੋਰ ਬਿਓਰਾ ਹੋਵੇ, ਤਾਂ ਉਹ |
|---|---|---|

ਉਪਰੋਕਤ ਸੂਚੀ ਦੀਆਂ ਵਸਤੂਆਂ ਹੇਠ ਲਿਖੇ ਵਿਅਕਤੀਆਂ ਦੀ ਹਾਜ਼ਰੀ ਵਿਚ ਕੱਢਵਾਈ ਗਈ :

1. ਸ਼੍ਰੀ / ਸ਼੍ਰੀਮਤੀ ........................ (ਨਾਮਜ਼ਦ ਵਿਅਕਤੀ) ਸ੍ਰੀ /ਸ੍ਰੀਮਤੀ

..................................................

(ਨਾਬਾਲਗ ਨਾਮਜ਼ਦ ਨਿਯੁਕਤ ਵਿਅਕਤੀ)

ਪਤਾ ਜਾਂ ਪਤਾ .......................................

.......................................

ਦਸਤਖਤ ....................................... ਦਸਤਖਤ

.......................................

ਮੈਂ, ਸ਼੍ਰੀ /ਸ਼੍ਰੀਮਤੀ ................ (ਨਾਬਾਲਗ ਦਾ/ ਦੀ ਨਾਮਜ਼ਦ ਵਿਅਕਤੀ ਨਾਬਾਲਗ ਦੇ ਵੱਲੋਂ ਨਿਯੁਕਤ ਨਾਮਜ਼ਦ ਵਿਅਕਤੀ) ਇਹ ਦੁਆਰਾ ਉਪਰੋਕਤ ਸੂਚੀ ਵਿਚ ਸ਼ਾਮਲ ਕੀਤੀ ਗਈ ਅਤੇ ਲਿਖਤ ਵਸਤੂਆਂ ਦੀ ਉਕਤ ਸੂਚੀ ਅਤੇ ਉਸਦੀ ਇਕ ਕਾਪੀ ਦੇ ਮਿਲਣ ਦੀ ਰਸੀਦ ਦਿੰਦਾ/ ਦਿੰਦੀ ਹਾਂ।

ਸ੍ਰੀ /ਸ੍ਰੀਮਤੀ ..................(ਨਾਮਜ਼ਦ ਵਿਅਕਤੀ)

ਸ੍ਰੀ/ਸ੍ਰੀਮਤੀ

........................................ (ਨਾਬਾਲਗ)

ਦੇ ਵੱਲੋਂ ਨਿਯੁਕਤ ਨਾਮਜ਼ਦ ਵਿਅਕਤੀ)

ਦਸਤਖਤ .................................... ਦਸਤਖਤ

........................................

ਮਿਤੀ : ....................................... ਮਿਤੀ :

.......................................

ਸਥਾਨ : ................................... ਸਥਾਨ :

.....................................

.......................................................

.....................................

---

ਬੈਂਕਿੰਗ ਕੰਪਨੀ ਦੇ ਕਿਰਾਏ ਤੇ ਲਏ ਗਏ ਸੁਰੱਖਿਆ ਲਾਕਰਾਂ ਦੀਆਂ ਵਸਤੂਆਂ ਦੀ ਸੂਚੀ ਦਾ ਫਾਰਮ (ਬੈਂਕਿੰਗ ਵਿਨਿਯਮ ਅਧਿਨਿਯਮ, 1949 ਦੀ ਧਾਰਾ 45 ਜੈਡਈ। (4)

.............(ਬੈਂਕ) ਦੀ ........................ਸ਼ਾਖਾ ਵਿਚ ਸਥਿਤ ਸੁਰੱਖਿਆ ਜਮ੍ਹਾਂ ਕਮਰਾ ਦਾ ਜੋ ਸੁਰੱਖਿਆ ਲਾਕਰ ਨੰ.

.......................................................

.................................

* ਸ਼੍ਰੀ /ਸ਼੍ਰੀਮਤੀ .....................(ਮ੍ਰਿਤਕ) ਦੁਆਰਾ ਕੇਵਲ ਆਪਣੇ ਨਾਮ ਉਤੇ ਕਿਰਾਏ ਤੇ ਲਿਆ ਗਿਆ ਸੀ

* ਸ੍ਰੀ /ਸ੍ਰੀਮਤੀ .....................(ਮ੍ਰਿਤਕ)

.......................................

.......................................

ਦੁਆਰਾ ਸਾਂਝੇ ਰੂਪ ਨਾਲ ਕਿਰਾਏ ਤੇ ਲਿਆ ਗਿਆ ਸੀ ਉਸ ਵਿਚ ਹੇਠ ਲਿਖਤ ਸੂਚੀ ਵਿਚ ਦਿੱਤੀ ਗਈ ਵਸਤੂ

ਤਾਰੀਖ ................

.......................................................

.....

(ਮਹੀਨਾ) 20 ਨੂੰ ਕੱਢੀ ਗਈ।

| ਲੜੀ ਨੰ. | ਸੁਰੱਖਿਆ ਲਾਕਰ ਵਿਚ ਰੱਖੀਆਂ ਵਸਤੂਆਂ ਦਾ ਵਰਨਣ | ਜੇਕਰ ਪਹਿਚਾਣ ਦਾ ਕੋਈ ਹੋਰ ਬਿਓਰਾ ਹੋਵੇ, ਤਾਂ ਉਹ |
|---|---|---|
| | | |
| | | |

ਸੂਚੀ ਦੀਆਂ ਵਸਤੂਆਂ ਦੇ ਮੰਤਵ ਦੇ ਲਈ, ਉਸ ਨਾਮਜ਼ਦ ਵਿਅਕਤੀ / ਅਤੇ ਉਨ੍ਹਾਂ ਜਿਉਂਦੇ ਕਿਰਾਏਦਾਰਾਂ ਨੂੰ ਲਾਕਰ ਵਿਚ ਵਸਤੂਆਂ ਰੱਖਣ ਅਤੇ ਉਨ੍ਹਾਂ ਨੂੰ ਕੱਢਵਾਉਣ ਦੀ ਆਗਿਆ ਦਿੱਤੀ ਗਈ ਸੀ

* ਜਿਸਨੇ ਲਾਕਰ ਦੀ ਚਾਬੀ ਪੇਸ਼ ਕੀਤੀ

* ਉਨ੍ਹਾਂ ਦੇ ਅਨੁਦੇਸ਼ਾਂ ਦੇ ਅਨੁਸਾਰ ਲਾਕਰ ਨੂੰ ਤੋੜ ਕੇ ਖੋਲ੍ਹਿਆ ਜਾਣਾ

ਉਪਰੋਕਤ ਸੂਚੀ ਦੀ ਵਸਤੂ ਹੇਠ ਲਿਖਤ ਦੀ ਹਾਜ਼ਰੀ ਵਿਚ ਕੱਢਵਾਈ ਗਈ :

| | | |
|---|---|---|
| 1. ਸ੍ਰੀ/ ਸ੍ਰੀਮਤੀ<br>----------------------<br>ਪਤਾ | (ਨਾਮਜ਼ਦ ਵਿਅਕਤੀ) | -------------------------<br>(ਦਸਤਖਤ) |
| | | |

| ਜਾਂ | | |
|---|---|---|
| 1. ਸ੍ਰੀ /ਸ੍ਰੀਮਤੀ<br>-----------------------<br>ਪਤਾ<br>-----------------------<br>ਅਤੇ | (ਨਾਮਜ਼ਦ ਵਿਅਕਤੀ) | --------------------------<br><br><br>(ਦਸਤਖਤ) |

<table>
<tr><td>ਸ੍ਰੀ /ਸ੍ਰੀਮਤੀ<br>-----------------------<br>ਪਤਾ<br>-----------------------</td><td>--------------------------<br>(ਦਸਤਖਤ)</td><td rowspan="2">ਸਾਂਝੇ ਕਿਰਾਏਦਾਰਾਂ ਦੇ /ਦੀ ਉਤਰਜੀਵੀ ਵਿਅਕਤੀ</td></tr>
<tr><td>ਸ੍ਰੀ /ਸ੍ਰੀਮਤੀ<br>-----------------------<br>ਪਤਾ<br>-----------------------</td><td></td></tr>
</table>

2. ਗਵਾਹ ਅਤੇ ਉਸਦਾ /ਉਨ੍ਹਾਂ ਦੇ ਨਾਮ, ਪਤਾ (ਤੇ) ਹੋਰ ਦਸਤਖਤ

.......................................................

.......

....................................

* ਮੈ, ਸ੍ਰੀ /ਸ਼੍ਰੀਮਤੀ

.......................................................

.......

(ਨਾਮਜ਼ਦ ਵਿਅਕਤੀ)

* ਅਸੀਂ, ਸ਼੍ਰੀ /ਸ੍ਰੀਮਤੀ

.......................................................

......

(ਨਾਮਜ਼ਦ ਵਿਅਕਤੀ),

ਸ਼੍ਰੀ /ਸ਼੍ਰੀਮਤੀ .............................. ਅਤੇ ਸ਼੍ਰੀ / ਸ਼੍ਰੀਮਤੀ

ਉਪਰੋਕਤ ਕਿਰਾਏਦਾਰਾਂ ਦੇ (ਦੀ) ਉਤਰਜੀਵੀ ਵਿਅਕਤੀ ਇਸਦੇ ਦੁਆਰਾ ਉਪਰੋਕਤ ਵਸਤੂ ਸੂਚੀ ਵਿਚ ਸ਼ਾਮਲ ਅਤੇ ਲਿਖਤ ਜੋ ਵਸਤੂ ਸੁਰੱਖਿਆ ਲਾਕਰ ਵਿਚ ਰੱਖੀ ਗਈ ਸੀ ਉਨ੍ਹਾਂ ਦੇ ਅਤੇ ਉਪਰੋਕਤ ਸੂਚੀ ਦੀ ਇਕ ਕਾਪੀ ਮਿਲਣ ਦੀ ਰਸੀਦ ਇਸਦੇ ਦੁਆਰਾ ਦਿੰਦੇ ਹਾਂ।

ਸ਼੍ਰੀ /ਸ਼੍ਰੀਮਤੀ ..............................(ਨਾਮਜ਼ਦ ਵਿਅਕਤੀ) ਸ੍ਰੀ/ ਸ਼੍ਰੀਮਤੀ

...................... (ਉਤਰਜੀਵੀ)

ਦਸਤਖਤ .................................... ਦਸਤਖਤ

....................................

ਤਾਰੀਖ ਅਤੇ ਸਥਾਨ........................ਤਾਰੀਖ ਅਤੇ ਸਥਾਨ

.................................

ਸ਼੍ਰੀ /ਸ਼੍ਰੀਮਤੀ ..............................

ਦਸਤਖਤ ..............................

ਤਾਰੀਖ ਅਤੇ ਸਥਾਨ .......................

(ਜੋ ਲਾਗੂ ਨਾ ਹੋਵੇ ਉਸ ਨੂੰ ਕੱਟ ਦਿਓ)